بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ


دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਗ਼ਜ਼ਵਾ ਤਾਇਫ਼ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 19 ਸਿਤੰਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਖ਼ੁਤਬਿਆਂ ਵਿੱਚ **ਤਾਇਫ਼** ਦੀ ਜੰਗ ਦਾ ਜ਼ਿਕਰ ਹੋ ਰਿਹਾ ਸੀ, ਇਸ ਮੌਕੇ 'ਤੇ ਇੱਕ ਸਹਾਬੀ ਜਿਹੜੇ ਉਨ੍ਹਾਂ ਨਾਲ ਗੱਲ ਕਰਨ ਲਈ ਗਏ ਸਨ ਅਤੇ ਤਾਇਫ਼ ਵਾਲਿਆਂ ਨੇ ਇਸ ਦੀ **ਜ਼ਮਾਨਤ** ਵੀ ਦਿੱਤੀ ਸੀ ਕਿ ਉਨ੍ਹਾਂ ਨੂੰ ਕੁੱਝ ਨਹੀਂ ਕਿਹਾ ਜਾਵੇਗਾ ਪਰ ਜਦ ਉਹ ਕ਼ਿਲ੍ਹੇ ਦੇ ਕ਼ਰੀਬ ਗਏ ਤਾਂ ਉਨ੍ਹਾਂ ਨੂੰ ਵਾਅਦਾ ਤੋੜਦੇ ਹੋਏ ਸ਼ਹੀਦ ਕਰ ਦਿੱਤਾ ਗਿਆ। ਪਰ ਇਸ ਦੇ ਬਾਵਜੂਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਸੁਲਹ** ਦੀ ਕੋਸ਼ਿਸ਼ ਛੱਡੀ ਨਹੀਂ ਅਤੇ ਗੱਲਬਾਤ ਦਾ ਸਿਲਸਿਲਾ ਜਾਰੀ ਰੱਖਣ ਦੇ ਲਈ ਹਜ਼ਰਤ ਹੰਜ਼ਲਾ ਰਜ਼ਿ ਅੱਲਾਹੁ ਅਨਹੁ ਨੂੰ ਭਿਜਵਾਇਆ। ਤਾਇਫ਼ ਵਾਲੇ ਉਨ੍ਹਾਂ 'ਤੇ ਵੀ ਹਮਲਾਵਰ ਹੋ ਗਏ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕੌਣ ਹੈ ਜਿਹੜਾ ਹੰਜ਼ਲਾ ਨੂੰ ਬਚਾ ਕੇ ਲਿਆਵੇਗਾ? ਇਸ 'ਤੇ ਹਜ਼ਰਤ ਅੱਬਾਸ ਰਜ਼ਿ ਅੱਲਾਹਹੁ ਅਨਹੁ ਗਏ ਅਤੇ ਉਨ੍ਹਾਂ ਨੂੰ ਹਮਲਾਵਰਾਂ ਤੋਂ ਬਚਾਉਂਦੇ ਹੋਏ ਲੈ ਆਏ।

ਤਾਇਫ਼ ਦੇ ਵਸਨੀਕਾਂ ਅਤੇ ਕੁਰੈਸ਼ ਦੇ ਕਿਉਂਕਿ ਪੁਰਾਣੇ ਅਤੇ ਚੰਗੇ ਸੰਬੰਧ ਸਨ ਇਸ ਬਿਨਾ 'ਤੇ **ਸੁਲਹ** ਦੇ ਲਈ ਹਜ਼ਰਤ ਅਬੂ ਸੁਫ਼ਯਾਨ ਬਿਨ ਹਰਬ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਮੁਗ਼ੀਰਾ ਬਿਨ ਸ਼ੁਅਬਾ ਰਜ਼ਿ ਅੱਲਾਹੁ ਅਨਹੁ ਕ਼ਿਲ੍ਹੇ ਦੇ ਅੰਦਰ ਗਏ ਪਰ ਉਨ੍ਹਾਂ ਨੂੰ ਵੀ **ਕਾਮਯਾਬੀ** ਨਾ ਹੋਈ। **ਅਲਬੱਤਾ** ਕ਼ਿਲ੍ਹੇ ਵਾਲਿਆਂ ਨੇ ਇਹ ਦਰਖ਼ਾਸਤ ਕੀਤੀ ਕਿ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਨੂੰ ਕਹੋ ਕਿ ਸਾਡੇ ਬਾਗ਼ਾਂ ਨੂੰ ਨੁਕ਼ਸਾਨ ਨਾ ਪਹੁੰਚਾਵੇ। ਅੱਲਾਹ ਦੀ ਖ਼ਾਤਿਰ ਅਤੇ ਰਿਸ਼ਤੇਦਾਰੀ ਦੀ ਖ਼ਾਤਿਰ ਉਨ੍ਹਾਂ ਨੂੰ ਉਂਝ ਹੀ ਰਹਿਣ ਦਿੱਤਾ ਜਾਵੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਦੀ ਦਰਖ਼ਾਸਤ 'ਤੇ ਬਾਗ਼ਾਂ ਨੂੰ ਖ਼ਤਮ ਕਰਨ ਦਾ **ਹੁਕਮ** ਵਾਪਿਸ ਲੈ ਲਿਆ। ਇਹ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦਾ ਅਜਿਹਾ **ਸ਼ਾਨਦਾਰ** ਨਮੂਨਾ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਖ਼ੁਦਾ ਦਾ ਵਾਸਤਾ ਦਿੱਤੇ ਜਾਣ 'ਤੇ ਉਹ ਹੁਕਮ ਵਾਪਿਸ ਲੈ ਲਿਆ ਜਿਹੜਾ ਜੰਗ ਦਾ ਨਕ਼ਸ਼ਾ ਤਬਦੀਲ ਕਰ ਸਕਦਾ ਸੀ। ਇਸ ਮੌਕੇ 'ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਐਲਾਨ ਵੀ ਕਰਵਾਇਆ ਕਿ ਜਿਹੜਾ ਗ਼ੁਲਾਮ ਕ਼ਿਲ੍ਹੇ ਦੀਆਂ ਕੰਧਾਂ ਤੋਂ ਉੱਤਰ ਕੇ ਸਾਡੇ ਕੋਲ ਆ ਜਾਵੇਗਾ, ਉਹ ਆਜ਼ਾਦ ਹੋਵੇਗਾ। ਇਸ 'ਤੇ 23 ਗ਼ੁਲਾਮ ਕੰਧਾਂ ਤੋਂ ਉਤਰ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ ਆ ਗਏ। ਕ਼ਿਲ੍ਹੇ ਵਾਲੇ ਇਸ 'ਤੇ ਬਹੁਤ ਦੁਖੀ ਹੋਏ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਨ੍ਹਾਂ ਸਭ ਗ਼ੁਲਾਮਾਂ ਨੂੰ **ਆਜ਼ਾਦ** ਕਰਕੇ ਇੱਕ ਇੱਕ ਮੁਸਲਮਾਨ ਦੇ ਹਵਾਲੇ ਕੀਤਾ ਅਤੇ ਉਸ ਗ਼ੁਲਾਮ ਦੀ ਦੇਖਭਾਲ ਦੀ **ਜ਼ਿੰਮੇਦਾਰੀ** ਉਨ੍ਹਾਂ ਮੁਸਲਮਾਨਾਂ 'ਤੇ ਪਾਈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਨਸੀਹਤ ਵੀ ਕੀਤੀ ਕਿ ਉਨ੍ਹਾਂ ਨੂੰ ਚੰਗੀ ਤਰ੍ਹਾਂ **ਇਲਮ** ਸਿਖਾਇਆ ਜਾਵੇ।

ਇੱਕ ਮੌਕ਼ੇ 'ਤੇ ਉਯੈਨਾ ਬਿਨ ਹਿਸ੍ਨ ਨੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਤੋਂ ਇਜਾਜ਼ਤ ਚਾਹੀ ਕਿ ਉਹ ਕ਼ਿਲ੍ਹੇ ਦੇ ਅੰਦਰ ਜਾ ਕੇ ਬਨੂ ਸਕ਼ੀਫ਼ ਨੂੰ ਇਸਲਾਮ ਦੀ **ਦਾਅਵਤ** ਦੇਣ। (ਉਯੈਨਾ ਬਿਨ ਹਿਸ੍ਨ ਫ਼ਤਿਹ ਮੱਕਾ ਤੋਂ ਪਹਿਲਾਂ ਇਸਲਾਮ ਲਿਆਇਆ ਸੀ। ਉਸ ਦੇ ਬਾਰੇ ਆਉਂਦਾ ਹੈ ਕਿ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਨੂੰ "ਅਲ ਅਹਮਕ਼ ਮੁਤਾਅ" ਫ਼ਰਮਾਇਆ ਸੀ ਯਾਨੀ ਅਜਿਹਾ ਲੀਡਰ ਅਤੇ ਰਹਿਨੁਮਾ ਜਿਹੜਾ **ਬੇਵਕ਼ੂਫ਼** ਹੈ।) ਇਜਾਜ਼ਤ ਮਿਲਣ 'ਤੇ ਉਯੈਨਾ ਕ਼ਿਲ੍ਹੇ ਵਿੱਚ ਉਨ੍ਹਾਂ ਲੋਕਾਂ ਦੇ ਕੋਲ਼ ਪਹੁੰਚਿਆ ਅਤੇ ਇਸਲਾਮ ਦੀ ਦਾਅਵਤ ਦੇਣ ਦੀ ਬਜਾਏ ਬਨੂ ਸਕ਼ੀਫ਼ ਨੂੰ ਇਸਲਾਮ ਦੇ ਖ਼ਿਲਾਫ਼ ਹੋਰ **ਵਰਗ਼ਲਾਇਆ** ਅਤੇ ਵਾਪਿਸ ਆ ਕੇ ਗ਼ਲਤ ਬਿਆਨੀ ਨਾਲ਼ ਕੰਮ ਲਿਆ। ਅੱਲਾਹ ਤਆਲਾ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਸ ਬਾਰੇ **ਭਵਿੱਖਬਾਣੀ** ਦੇ ਜ਼ਰੀਆ ਸੂਚਨਾ ਦੇ ਦਿੱਤੀ ਸੀ ਕਿ ਉੱਥੇ ਕੀ ਕਹਿ ਕੇ ਆਇਆ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਦੇ ਝੂਠ ਨੂੰ ਜ਼ਾਹਿਰ ਕਰਦੇ ਹੋਏ ਉਯੈਨਾ ਦੀਆਂ ਸਾਰੀਆਂ ਗੱਲਾਂ ਦੋਹਰਾ ਦਿੱਤੀਆਂ ਜੋ ਉਸ ਨੇ ਉੱਥੇ ਕਹੀਆਂ ਸਨ। ਇਹ ਸੁਣਦੇ ਹੀ ਉਯੈਨਾ ਹੈਰਾਨ ਰਹਿ ਗਿਆ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਘੇਰੇ ਦੀ ਸੂਰਤਿ ਹਾਲ ਦੇ ਪੇਸ਼ਿ ਨਜ਼ਰ ਹਜ਼ਰਤ ਨੌਫ਼ਲ ਬਿਨ ਮੁਆਵਿਯਾ ਰਜ਼ਿ ਅੱਲਾਹੁ ਅਨਹੁ ਨਾਲ਼ **ਮਸ਼ਵਰਾ** ਕੀਤਾ ਤਾਂ ਉਨ੍ਹਾਂ ਨੇ ਅਰਜ਼ ਕੀਤਾ ਕਿ ਇਹ ਤਾਂ ਅਜਿਹਾ ਹੀ ਹੈ ਜਿਵੇਂ **ਲੌਂਬੜੀ** ਆਪਣੇ ਭੱਟ ਵਿੱਚ ਲੁਕੀ ਹੋਈ ਹੋਵੇ, ਉਸ 'ਤੇ ਖੜੇ ਰਹਾਂਗੇ ਤਾਂ ਫੜ ਲਵਾਂਗੇ ਅਤੇ ਛੱਡ ਦੇਵਾਂਗੇ ਤਾਂ **ਨੁਕ਼ਸਾਨ** ਦੀ ਤਾਕ਼ਤ ਨਹੀਂ ਰੱਖਦੀ। ਇਸ 'ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਘੇਰਾ ਖ਼ਤਮ ਕਰਨ ਦਾ ਫ਼ੈਸਲਾ ਕਰ ਲਿਆ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਪਤਾ ਲੱਗਦਾ ਹੈ ਕਿ ਸਿਰਫ਼ ਮਸ਼ਵਰੇ 'ਤੇ ਨਹੀਂ ਬਲਕਿ ਖ਼ੁਦਾ ਦੇ ਵੱਲੋਂ ਵੀ ਕੋਈ ਖ਼ਾਸ **ਰਹਿਨੁਮਾਈ** ਜਾਂ ਇਸ਼ਾਰਾ ਮਿਲਿਆ ਸੀ ਵਰਨਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਜੰਗੀ ਮੁਹਿੰਮਾਂ ਵਿੱਚੋਂ ਇਹ ਪਹਿਲਾ ਮੌਕ਼ਾ ਸੀ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਇੰਨੀ ਅਹਿਮ **ਮੁਹਿੰਮ** ਨੂੰ ਬਜ਼ਾਹਿਰ ਅਧੂਰਾ ਛੱਡ ਕੇ ਜਾ ਰਹੇ ਸਨ। ਇਸ ਬਾਰੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇੱਕ ਖ਼ਾਬ ਦਾ ਜ਼ਿਕਰ ਵੀ ਮਿਲ਼ਦਾ ਹੈ ਜਿਹੜੀ ਆਪ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੂੰ ਸੁਣਾਈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੈਂ ਦੇਖਿਆ ਕਿ ਇੱਕ ਭਾਂਡੇ ਵਿੱਚ ਮੱਖਣ ਮੇਰੇ ਕੋਲ਼ ਆਇਆ ਹੈ, ਫਿਰ ਇੱਕ **ਮੁਰਗ਼ੇ** ਨੇ ਚੁੰਝ ਮਾਰ ਕੇ ਉਸ ਭਾਂਡੇ ਨੂੰ ਸੁੱਟ ਦਿੱਤਾ। ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਮੇਰਾ ਖ਼ਿਆਲ ਤਾਂ ਇਹ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਸਕ਼ੀਫ਼ ਕੋਲੋਂ ਜੋ ਚਾਹੁੰਦੇ ਹੋ ਉਹ ਇਸ ਵਾਰ ਹਾਸਿਲ ਨਹੀਂ ਕਰ ਸਕੋਗੇ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਵੀ ਇਸ ਦਾ **ਸਮਰਥਨ** ਕੀਤਾ।

ਜਦ ਘੇਰਾ ਖ਼ਤਮ ਹੋਣ ਦਾ ਐਲਾਨ ਹੋਇਆ ਤਾਂ ਕੁੱਝ **ਜੋਸ਼ੀਲੇ** ਨੌਜਵਾਨਾਂ ਦਾ ਰੱਦਿ ਅਮਲ ਇਹ ਸੀ ਕਿ ਅਸੀਂ **ਬਗ਼ੈਰ** ਫ਼ਤਿਹ ਦੇ ਕਿਉਂ ਪਰਤ ਰਹੇ ਹਾਂ? ਪਹਿਲਾਂ ਇਹ ਲੋਕ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਦੇ ਕੋਲ਼ ਗਏ ਕਿ ਉਹ ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ **ਦਰਖ਼ਾਸਤ** ਕਰਨ ਕਿ ਫ਼ਤਿਹ ਤੱਕ ਘੇਰਾ ਕ਼ਾਇਮ ਰਹੇ। ਪਰ ਜਦ ਉਨ੍ਹਾਂ ਦੋਹਾਂ ਨੇ ਇਨਕਾਰ ਕੀਤਾ ਤਾਂ ਇਹ ਨੌਜਵਾਨ ਖ਼ੁਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਹਾਜ਼ਿਰ ਹੋ ਗਏ ਅਤੇ ਬੜੇ **ਜਜ਼ਬਾਤੀ ਅੰਦਾਜ਼** ਵਿੱਚ ਅਰਜ਼ ਕੀਤਾ ਕਿ ਯਾ ਰਸੂਲੁੱਲਾਹ! ਅਸੀਂ ਲੜਾਂਗੇ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਠੀਕ ਹੈ ਕੱਲ ਸਵੇਰੇ ਲੜਿਓ। ਅਗਲੀ ਸਵੇਰ ਉਨ੍ਹਾਂ ਨੂੰ **ਜ਼ਖ਼ਮਾਂ** ਦੇ ਸਿਵਾ ਕੁੱਝ ਹਾਸਿਲ ਨਾ ਹੋਇਆ। ਇਸ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕੱਲ ਸਵੇਰੇ ਅਸੀਂ ਵਾਪਿਸ ਰਵਾਨਾ ਹੋਵਾਂਗੇ। ਇਸ 'ਤੇ ਉਨ੍ਹਾਂ ਨੌਜਵਾਨਾਂ ਨੇ ਵੀ **ਖ਼ੁਸ਼ੀ** ਦਾ ਇਜ਼ਹਾਰ ਕੀਤਾ। ਉਨ੍ਹਾਂ ਦੀ ਰਾਏ ਦੀ ਤਬਦੀਲੀ ਦੇਖ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਵੀ ਮੁਸਕੁਰਾਏ।

ਇਸ ਗ਼ਜ਼ਵੇ ਵਿੱਚ **ਕਾਫ਼ਿਰਾਂ** ਦੇ ਤਿੰਨ ਲੋਕ ਕ਼ਤਲ ਹੋਏ, ਅਲਬੱਤਾ ਉਨ੍ਹਾਂ ਦੇ ਜ਼ਖ਼ਮੀਆਂ ਅਤੇ ਦੂਜੇ ਮਕ਼ਤੂਲਾਂ ਦੀ ਸਹੀ ਤਾਅਦਾਦ ਦਾ ਜ਼ਿਕਰ ਨਹੀਂ ਮਿਲ਼ਦਾ ਕਿਉਂਕਿ ਉਹ ਲੋਕ **ਕ਼ਿਲ੍ਹੇ** ਵਿੱਚ ਰਹੇ। ਇਸੇ ਤਰ੍ਹਾਂ ਮੁਸਲਮਾਨਾਂ ਦੇ ਜ਼ਖ਼ਮੀਆਂ ਦੀ ਵੀ ਸਹੀ ਤਾਅਦਾਦ ਪਤਾ ਨਹੀਂ ਪਰ ਹਜ਼ਰਤ ਅਬੂ ਸੁਫ਼ਯਾਨ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਅਬਦੁੱਲਾਹ ਬਿਨ

ਅਬੀ ਬਕਰ ਰਜ਼ਿ ਅੱਲਾਹੁ ਅਨਹੁ ਦੇ ਜ਼ਖ਼ਮੀ ਹੋਣ ਦਾ ਜ਼ਿਕਰ ਮਿਲਦਾ ਹੈ। ਇਸ ਗ਼ਜ਼ਵੇ ਵਿੱਚ 12 ਸਹਾਬਾ **ਸ਼ਹੀਦ** ਹੋਏ ਜਿਨ੍ਹਾਂ ਦੇ ਨਾਮ ਇਹ ਹਨ: ਹਜ਼ਰਤ ਸਈਦ ਬਿਨ ਆਸ ਰਜ਼ਿ ਅੱਲਾਹੁ ਅਨਹੁ, ਹਜ਼ਰਤ ਉਰਫ਼ਤਾ ਬਿਨ ਜਨਾਬ ਰਜ਼ਿ ਅੱਲਾਹੁ ਅਨਹੁ, ਹਜ਼ਰਤ ਅਬਦੁੱਲਾਹ ਬਿਨ ਅਬੀ ਉਮੱਯਾ ਰਜ਼ਿ ਅੱਲਾਹੁ ਅਨਹੁ, ਹਜ਼ਰਤ ਅਬਦੁੱਲਾਹ ਬਿਨ ਆਮਿਰ ਰਜ਼ਿ ਅੱਲਾਹੁ ਅਨਹੁ, ਹਜ਼ਰਤ ਸਾਇਬ ਬਿਨ ਹਰਿਸ ਰਜ਼ਿ ਅੱਲਾਹੁ ਅਨਹੁ ਅਤੇ ਉਨ੍ਹਾਂ ਦੇ ਭਾਈ ਅਬਦੁੱਲਾਹ ਬਿਨ ਹਾਰਿਸ ਰਜ਼ਿ ਅੱਲਾਹੁ ਅਨਹੁ, ਹਜ਼ਰਤ ਜਲੀਹਾ ਬਿਨ ਅਬਦੁੱਲਾਹ ਰਜ਼ਿ ਅੱਲਾਹੁ ਅਨਹੁ, ਹਜ਼ਰਤ ਸਾਬਿਤ ਬਿਨ ਜੱਲਾ ਰਜ਼ਿ ਅੱਲਾਹੁ ਅਨਹੁ, ਹਜ਼ਰਤ ਹਾਰਿਸ ਬਿਨ ਸਹਲ ਰਜ਼ਿ ਅੱਲਾਹੁ ਅਨਹੁ, ਹਜ਼ਰਤ ਮੰਜ਼ਰ ਬਿਨ ਅਬਦੁੱਲਾਹ ਰਜ਼ਿ ਅੱਲਾਹੁ ਅਨਹੁ, ਹਜ਼ਰਤ ਰਕ਼ੀਮ ਬਿਨ ਸਾਬਿਤ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਅਬਦੁੱਲਾਹ ਬਿਨ ਅਬੂ ਬਕਰ ਰਜ਼ਿ ਅੱਲਾਹੁ ਅਨਹੁ। ਇਸ ਗ਼ਜ਼ਵੇ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਦੋ ਅਜ਼ਵਾਜਿ ਮੁਤੱਹਰਾਤ (ਪਤਨੀਆਂ) ਹਜ਼ਰਤ ਉੱਮਿ ਸਲਮਾ ਰਜ਼ਿ ਅੱਲਾਹੁ ਅਨਹਾ ਅਤੇ ਹਜ਼ਰਤ ਜ਼ੈਨਬ ਰਜ਼ਿ ਅੱਲਾਹੁ ਅਨਹਾ ਨਾਲ ਸਨ। ਆਪ ਦੋਹਾਂ ਦੇ ਲਈ ਦੋ ਖ਼ੇਮੇ ਲਗਾਏ ਗਏ ਸਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਉਨ੍ਹਾਂ ਦੋਹਾਂ ਖ਼ੇਮਿਆਂ ਦੇ ਦਰਮਿਆਨ ਨਮਾਜ਼ ਅਦਾ ਫ਼ਰਮਾਉਂਦੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਤਾਇਫ਼** ਦਾ ਕਿੰਨੇ ਦਿਨ ਘੇਰਾ ਕੀਤਾ ਇਸ ਹਵਾਲੇ ਨਾਲ ਵੱਖ-ਵੱਖ ਰਿਵਾਇਤਾਂ ਮਿਲਦੀਆਂ ਹਨ ਜਿਨ੍ਹਾਂ ਵਿੱਚੋਂ 10 ਤੋਂ ਲੈ ਕੇ 40 ਰਾਤਾਂ ਤੱਕ ਦਾ ਜ਼ਿਕਰ ਹੈ।

ਰਵਾਨਗੀ ਦੇ ਵੇਲੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਇਹ ਪੜ੍ਹਦੇ ਹੋਏ ਪਰਤੋ ਕਿ ਅਸੀਂ **ਪਰਤਣ** ਵਾਲੇ ਹਾਂ, **ਤੌਬਾ** ਕਰਨ ਵਾਲੇ ਹਾਂ, **ਇਬਾਦਤ** ਕਰਨ ਵਾਲੇ ਹਾਂ ਅਤੇ ਆਪਣੇ ਰੱਬ ਦੀ **ਤਾਰੀਫ਼** ਕਰਨ ਵਾਲੇ ਹਾਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ ਅਰਜ਼ ਕੀਤਾ ਗਿਆ ਕਿ ਯਾ ਰਸੂਲੁੱਲਾਹ! ਬਨੂ ਸਕ਼ੀਫ਼ ਦੇ ਲਈ ਬਦ ਦੁਆ ਕਰੀਏ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਬੁਲੰਦ ਹੌਸਲੇ ਦਾ ਇਹ ਹਾਲ ਸੀ ਕਿ ਬਦ ਦੁਆ ਦੀ ਬਜਾਏ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਦੇ ਲਈ ਇਹ ਦੁਆ ਕੀਤੀ ਕਿ ਐ ਅੱਲਾਹ! ਸਕ਼ੀਫ਼ ਨੂੰ ਹਿਦਾਇਤ ਦੇ ਅਤੇ ਉਨ੍ਹਾਂ ਨੂੰ ਮੁਸਲਮਾਨ ਬਣਾ ਕੇ ਲੈ ਆ। ਇਸ ਦੇ ਬਾਅਦ ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਵਾਪਸੀ ਦੇ ਲਈ ਰਵਾਨਾ ਹੋਏ ਤਾਂ ਇਹ ਦੁਆ ਕੀਤੀ ਕਿ ਐ ਅੱਲਾਹ! ਉਨ੍ਹਾਂ ਨੂੰ **ਹਿਦਾਇਤ** ਅਤਾ ਫ਼ਰਮਾ ਅਤੇ ਉਨ੍ਹਾਂ ਦੀ ਸਪਲਾਈ ਅਤੇ ਰਸਦ ਦੇ ਮੁਕ਼ਾਬਲੇ 'ਤੇ ਸਾਡੇ ਲਈ ਤੂੰ **ਕਾਫ਼ੀ** ਹੋ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਅਸਲ ਮਕ਼ਸਦ ਤਾਂ ਇਹ ਸੀ ਕਿ ਭੁੱਲੀ ਭਟਕੀ ਅਵਾਮ ਅੱਲਾਹ ਤਆਲਾ ਦੇ ਵੱਲ ਪਰਤ ਆਵੇ। ਚੁਨਾਂਚਿ ਅੱਲਾਹ ਤਆਲਾ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇਹ ਦੁਆ ਇਸ ਤਰ੍ਹਾਂ **ਕ਼ਬੂਲ** ਕੀਤੀ ਕਿ ਅਜੇ ਸਾਲ ਵੀ ਨਹੀਂ ਲੰਘਿਆ ਸੀ ਕਿ ਇਹੀ ਤਾਇਫ਼ ਵਾਲੇ ਰਮਜ਼ਾਨ, 09 ਹਿਜਰੀ ਵਿੱਚ ਸਭ ਦੇ ਸਭ ਮੁਸਲਮਾਨ ਹੋ ਗਏ।

ਹੁਨੈਨ ਦੇ ਮਾਲਿ ਗ਼ਨੀਮਤ ਦੀ ਵੰਡ ਦਾ ਵੀ ਜ਼ਿਕਰ ਮਿਲਦਾ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇਰਸ਼ਾਦ 'ਤੇ ਉਨ੍ਹਾਂ **ਗ਼ੁਲਾਮਾਂ** ਦੀ ਰਿਹਾਇਸ਼ ਦੇ ਲਈ ਜਿਨ੍ਹਾਂ ਦੀ ਤਾਅਦਾਦ 06 ਜਾਂ 08 ਹਜ਼ਾਰ ਤੱਕ ਸੀ, ਆਰਜ਼ੀ ਘਰ ਬਣਾਏ ਗਏ ਤਾਂ ਜੋ ਸਰਦੀ ਗਰਮੀ ਦੀ **ਸ਼ਿੱਦਤ** ਤੋਂ ਬਚਾਅ ਹੋ ਸਕੇ। ਮਾਲਿ ਗ਼ਨੀਮਤ ਵਿੱਚ 24 ਹਜ਼ਾਰ ਊਠ, 40 ਹਜ਼ਾਰ ਤੋਂ ਵੱਧ ਭੇਡ ਬੱਕਰੀਆਂ, 4 ਔਕ਼ਿਆ ਚਾਂਦੀ ਜਿਹੜੀ ਤਕ਼ਰੀਬਨ 490 ਕਿਲੋਗ੍ਰਾਮ ਬਣਦੀ ਹੈ, ਹਾਸਿਲ ਹੋਈ। ਇਸ ਤੋਂ ਪਹਿਲਾਂ ਮੁਸਲਮਾਨਾਂ ਨੂੰ ਕਦੀ ਇੰਨਾ ਮਾਲਿ ਗ਼ਨੀਮਤ ਹਾਸਿਲ ਨਹੀਂ ਹੋਇਆ ਸੀ। ਅਜਿਹੇ ਮੌਕ਼ੇ 'ਤੇ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਆਪਣੇ ਸਹਾਬਾ ਦੀ **ਤਰਬੀਅਤ** ਦਾ ਇੰਨਾ ਖ਼ਿਆਲ ਸੀ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮਾਲਿ ਗ਼ਨੀਮਤ ਦੀ ਵੰਡ ਤੋਂ ਪਹਿਲਾਂ ਐਲਾਨ ਕੀਤਾ ਕਿ ਇਸ ਮਾਲ ਵਿੱਚੋਂ ਸਿਵਾਏ ਖ਼ੁਮੁਸ ਦੇ, ਮੇਰਾ ਹੱਕ਼ ਵੀ ਉਹੀ ਹੈ ਜਿਸ ਦਾ ਤੁਹਾਡੇ ਵਿੱਚੋਂ ਹਰ ਕੋਈ ਹੱਕ਼ਦਾਰ ਹੈ ਅਤੇ ਉਹ ਖ਼ੁਮੁਸ ਵੀ ਆਖ਼ਿਰ ਤੁਹਾਡੇ ਕੋਲ ਹੀ ਪਰਤ ਆਵੇਗਾ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਸੂਈ ਅਤੇ ਉਸਦਾ ਧਾਗਾ ਜਾਂ ਉਸ ਤੋਂ ਵੀ ਛੋਟੀ ਕੋਈ ਚੀਜ਼ ਕਿਸੇ ਦੇ ਕੋਲ ਹੈ ਤਾਂ ਉਹ ਵਾਪਿਸ ਕਰ ਦੇਵੇ। ਫ਼ਰਮਾਇਆ **ਖ਼ਿਆਨਤ** ਤੋਂ ਬਚੋ ਕਿਉਂਕਿ **ਕ਼ਿਆਮਤ** ਦੇ ਦਿਨ ਇਹ **ਖ਼ਿਆਨਤ** ਕਰਨ ਵਾਲੇ ਦੇ ਲਈ **ਸ਼ਰਮਿੰਦਗੀ** ਦੀ ਵਜ੍ਹਾ ਅਤੇ ਇੱਕ **ਧੱਬਾ** ਸਾਬਿਤ ਹੋਵੇਗੀ। ਇਹ ਸੁਣ ਕੇ ਇੱਕ ਸਹਾਬੀ ਊਠ ਦੇ ਵਾਲਾਂ ਨਾਲ ਬਣੀ ਹੋਈ ਰੱਸੀ ਦਾ ਇੱਕ ਗੋਲਾ ਲੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ

ਖ਼ਿਦਮਤ ਵਿੱਚ ਹਾਜ਼ਿਰ ਹੋਏ ਅਤੇ ਅਰਜ਼ ਕੀਤਾ ਕਿ ਮੈਂ ਪਾਟੀ ਹੋਈ ਘੋੜੇ ਦੀ ਕਾਠੀ ਸੀਣ ਦੇ ਲਈ ਧਾਗਾ ਮਾਲਿ ਗ਼ਨੀਮਤ ਵਿੱਚੋਂ ਲੈ ਲਿਆ ਸੀ।

ਇਸੇ ਤਰ੍ਹਾਂ ਇੱਕ ਹੋਰ ਸਹਾਬੀ ਹਾਜ਼ਿਰ ਹੋਏ ਜਿਨ੍ਹਾਂ ਨੇ ਮਾਲਿ ਗ਼ਨੀਮਤ ਵਿੱਚੋਂ ਇੱਕ ਸੂਈ ਲੈ ਕੇ ਆਪਣੀ ਬੀਵੀ ਨੂੰ ਦੇ ਦਿੱਤੀ ਸੀ। ਉਹ ਫ਼ੌਰਨ ਐਲਾਨ ਸੁਣ ਕੇ ਬੀਵੀ ਦੇ ਕੋਲ਼ ਗਏ ਅਤੇ ਸੂਈ ਵਾਪਿਸ ਲੈ ਕੇ ਮਾਲਿ ਗ਼ਨੀਮਤ ਵਿੱਚ ਰੱਖ ਦਿੱਤੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮਾਲਿ ਗ਼ਨੀਮਤ ਦੀ ਵੰਡ ਵਿੱਚ **ਤਾਲੀਫ਼ਿ ਕ਼ਲੂਬ** ਦਾ ਖ਼ਿਆਲ ਰੱਖਦੇ ਹੋਏ ਸਭ ਤੋਂ ਪਹਿਲਾਂ ਕ਼ਬੀਲਿਆਂ ਦੇ ਸਰਦਾਰਾਂ ਨੂੰ ਮਾਲਿ ਗ਼ਨੀਮਤ ਅਤਾ ਕੀਤਾ। ਇਹ ਸਰਦਾਰ ਆਪਣੇ ਆਪਣੇ ਕ਼ਬੀਲਿਆਂ ਵਿੱਚ **ਸ਼ਰਫ਼** ਅਤੇ **ਬਜ਼ੁਰਗੀ** ਰੱਖਣ ਵਾਲ਼ੇ ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨੂੰ ਸੌ-ਸੌ ਅਤੇ ਪੰਜਾਹ-ਪੰਜਾਹ ਊਠ ਅਤਾ ਫ਼ਰਮਾਏ।

ਇਸ ਦੇ ਬਾਅਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਜ਼ੈਦ ਬਿਨ ਸਾਬਿਤ ਰਜ਼ਿ ਅੱਲਾਹੁ ਅਨਹੁ ਨੂੰ ਇਰਸ਼ਾਦ ਫ਼ਰਮਾਇਆ ਕਿ ਉਹ ਬਾਕ਼ੀ ਲੋਕਾਂ ਨੂੰ ਵੀ ਬੁਲਾ ਲੈਣ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਭ ਲੋਕਾਂ ਵਿੱਚ ਮਾਲਿ ਗ਼ਨੀਮਤ ਵੰਡਿਆ। ਹਰ ਕਿਸੇ ਦੇ ਹਿੱਸੇ ਵਿੱਚ ਚਾਰ ਊਠ ਜਾਂ 40 ਬੱਕਰੀਆਂ ਆਈਆਂ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕ਼ੁਰੈਸ਼ ਨੂੰ ਮਾਲਿ ਗ਼ਨੀਮਤ ਮੈਂ ਦੇਣ ਦੀ ਇੱਕ ਵਜ੍ਹਾ ਬਿਆਨ ਕਰਦੇ ਹੋਏ ਫ਼ਰਮਾਇਆ ਕਿ ਮੈਂ ਕ਼ੁਰੈਸ਼ ਨੂੰ ਦੇਖ ਕੇ ਉਨ੍ਹਾਂ ਦੀ **ਤਾਲੀਫ਼ਿ ਕ਼ਲੂਬ** ਦਾ ਸਮਾਨ ਕਰ ਰਿਹਾ ਹਾਂ ਕਿਉਂਕਿ ਉਨ੍ਹਾਂ ਨੂੰ **ਕੁਫ਼ਰ** ਨਾਲ਼ ਸੰਬੰਧ ਤੋੜੇ ਹੋਏ ਅਜੇ ਜ਼ਿਆਦਾ ਅਰਸਾ ਨਹੀਂ ਹੋਇਆ। ਇਸ ਮੌਕ਼ੇ ‘ਤੇ ਕੁੱਝ **ਮੁਨਾਫ਼ਿਕ਼ਾਂ** ਨੇ ਮਾਲਿ ਗ਼ਨੀਮਤ ਦੀ ਵੰਡ ‘ਤੇ **ਐਤਰਾਜ਼** ਵੀ ਕੀਤਾ ਅਤੇ **ਇਲਜ਼ਾਮ** ਵੀ ਲਾਇਆ ਕਿ ਨਊਜ਼ੁਬਿੱਲਾਹ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮਾਲਿ ਗ਼ਨੀਮਤ ਦੀ ਵੰਡ ਵਿੱਚ **ਇਨਸਾਫ਼** ਤੋਂ ਕੰਮ ਨਹੀਂ ਲਿਆ ਅਤੇ ਨਾ ਹੀ ਅੱਲਾਹ ਤਆਲਾ ਦੀ ਰਜ਼ਾ ਦੇ ਮੁਤਾਬਿਕ਼ ਕੰਮ ਕੀਤਾ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਜਦ ਇਹ ਸੁਣਿਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ **ਚਿਹਰਾ ਮੁਬਾਰਕ** ਲਾਲ ਹੋ ਗਿਆ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜੇਕਰ ਅੱਲਾਹ ਅਤੇ ਉਸਦਾ ਰਸੂਲ ਵੀ ਇਨਸਾਫ਼ ਤੋਂ ਕੰਮ ਨਹੀਂ ਲਵੇਗਾ ਤਾਂ ਕੌਣ ਹੈ ਜਿਹੜਾ **ਇਨਸਾਫ਼** ਕਰੇ? ਇਸ ਦੇ ਬਾਅਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਅੱਲਾਹ ਮੇਰੇ ਭਾਈ ਮੂਸਾ ‘ਤੇ ਰਹਿਮ ਕਰੇ, ਉਨ੍ਹਾਂ ਨੂੰ ਇਸ ਤੋਂ ਵੀ ਵੱਡੀਆਂ ਵੱਡੀਆਂ ਤਕਲੀਫ਼ਾਂ ਪਹੁੰਚਾਈਆਂ ਗਈਆਂ ਅਤੇ ਉਨ੍ਹਾਂ ਨੇ **ਸਬਰ** ਤੋਂ ਕੰਮ ਲਿਆ।

ਇਸ ਦੇ ਬਾਅਦ ਇੱਕ ਸ਼ਖ਼ਸ ਖੜਾ ਹੋਇਆ ਅਤੇ ਉਸ ਨੇ ਵੀ ਵੰਡ ਤੇ **ਐਤਰਾਜ਼** ਕੀਤਾ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਤੇਰਾ ਬੁਰਾ ਹੋਵੇ, ਜੇਕਰ ਮੇਰੇ ਕੋਲ਼ ਵੀ ਇਨਸਾਫ਼ ਨਹੀਂ ਤਾਂ ਫਿਰ ਕਿਸ ਦੇ ਕੋਲ਼ ਹੈ? ਹਜ਼ਰਤ ਖਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਖੜੇ ਹੋਏ ਅਤੇ ਅਰਜ਼ ਕੀਤਾ ਕਿ ਜੇਕਰ ਹੁਕਮ ਹੋਵੇ ਤਾਂ ਹੁਣੇ ਇਸ ਦੀ **ਗਰਦਨ** ਉੜਾ ਦਿੱਤੀ ਜਾਵੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਨਹੀਂ, ਮੁਮਕਿਨ ਹੈ ਕਿ ਇਹ ਸ਼ਖ਼ਸ ਨਮਾਜ਼ ਪੜ੍ਹਦਾ ਹੋਵੇ। ਇਸ ‘ਤੇ ਹਜ਼ਰਤ ਖ਼ਾਲਿਦ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਕੀ ਕੋਈ ਨਮਾਜ਼ੀ ਇਹ ਕਹਿ ਸਕਦਾ ਹੈ ਜੋ ਉਸਦੇ ਦਿਲ ਵਿੱਚ ਨਾ ਹੋਵੇ? ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਖ਼ਾਲਿਦ! ਮੈਨੂੰ ਇਹ ਹੁਕਮ ਨਹੀਂ ਦਿੱਤਾ ਗਿਆ ਕਿ ਮੈਂ ਲੋਕਾਂ ਦੇ **ਦਿਲ** ਚੀਰ ਕੇ ਜਾਂ ਸੀਨੇ ਚਾਕ ਕਰਕੇ ਦੇਖਾਂ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞